# ਜਮਾਤ ਅੱਠਵੀਂ ਸੈਸ਼ਨ 2021-22
# ਪਾਠ 5 - ਮਾਈਕਰੋਸਾਫਟ ਪਾਵਰ ਪਅਇੰਟ ਭਾਗ-2

## ਖਾਲੀ ਥਾਂਵਾਂ ਭਰੋ

1) ......... ਸਲਾਈਡ ਉੱਪਰ ਵੱਖ ਵੱਖ ਤੱਤਾਂ ਦੇ ਡਿਜਾਈਨ ਅਤੇ ਪਲੇਸਹੋਲਡਰ ਨੂੰ ਪ੍ਰਭਾਸ਼ਿਤ ਕਰਦਾ ਹੈ।

ੳ) ਬੈਕਗਰਾਊਂਡ ਸਟਾਈਲ　　ਅ) ਪਲੇਸਹੋਡਰਜ਼

ੲ) ਸਲਾਈਡ ਲੇਆਊਟ　　ਸ) ਪੈਟਰਨ

2) ਇੱਕ ......... ਦੋ ਜਾਂ ਦੋ ਤੋਂ ਵਧੇਰੇ ਰੰਗਾਂ ਦਾ ਮਿਸ਼ਰਣ ਹੁੰਦਾ ਹੈ ਜ਼ੋ ਇੱਕ ਦੂਜੇ ਵਿੱਚ ਮਰਜ ਹੋ ਜਾਂਦੇ ਹਨ।

ੳ) ਥੀਮ　　ਅ) ਪੈਟਰਨ

ੲ) ਬੈਕਗਰਾਊਂਡ ਸਟਾਈਲ　　ਸ) ਗਰੇਡੀਐਂਟ

3) ......... ਡਿਫਾਲਟ ਵਿਊ ਹੈ ਜਿੱਥੇ ਅਸੀਂ ਆਪਣੀਆਂ ਸਲਾਈਡਾਂ ਬਣਾਉਣ, ਐਡਿਟ ਅਤੇ ਡਿਜਾਈਨ ਕਰਦੇ ਹਾਂ।

ੳ) ਨਾਰਮਲ ਵਿਊ　　ਅ) ਸਲਾਈਡ ਸ਼ੋਅ

ੲ) ਸਲਾਈਡ ਸੌਰਟਰ ਵਿਊ　　ਸ) ਰੀਡਿੰਗ ਵਿਊ

4) ਸ਼ਰਮਕਗਸ਼ਰਜਅਵ 2010 ਵਿੱਚ ......... ਡਿਫਾਲਟ ਸਲਾਈਡ ਬੈਕਗਰਾਊਂਡ ਸਟਾਈਲਜ਼ ਉਪਲਬਧ ਹਨ।

ੳ) 48　　ਅ) 4

ੲ) 12　　ਸ) 3

5) ......... ਕੰਟਰੋਲ ਸਲਾਈਡ ਕੰਟੈਂਟ ਨੂੰ ਨੇੜੇ ਤੋਂ ਦੇਖਣ ਲਈ ਸਾਨੂੰ ਜ਼ੂਮ-ਇਨ ਕਰਨ ਦੀ ਆਗਿਆ ਦਿੰਦਾ ਹੈ।

ੳ) ਜ਼ੂਮ　　ਅ) ਸਲਾਈਡ

ੲ) ਨਾਰਮਲ ਵਿਊ　　ਸ) ਗ੍ਰੇਡੀਐਂਟ

## ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ

1) ਇੱਕ ਨਵੀਂ ਸਲਾਈਡ ਦਾਖਲ ਕਰਨ ਦੀ ਸ਼ਾਰਟਕੱਟ ਕੀਅ ਲਿਖੋ।

ਉੱਤਰ : Ctrl+M

2) ਇੱਕ ਨਵੀਂ ਪ੍ਰੈਜ਼ੈਂਟ ਫਾਈਲ ਬਣਾਉਣ ਦੀ ਦੀ ਸ਼ਾਰਟਕੱਟ ਕੀਅ ਲਿਖੋ।

ਉੱਤਰ : Ctrl+N

3) ਸਲਾਈਲ ਉੱਪਰ ਟੈਕਸਟ ਨੂੰ ਫਾਰਮੈਟ ਕਰਨ ਲਈ ਕਿਹੜੇ ਟੈਬ ਦੀ ਵਰਤੋਂ ਕੀਤੀ ਜਾਂਦੀ ਹੈ?

ਉੱਤਰ : ਹੋਮ।

4) ਕਿਹੜਾ ਪਾਵਰਪੁਆਇੰਟ ਵਿਊਦਰਸ਼ਕਾਂ ਅੱਗੇ ਪ੍ਰੈਜੈਂਟੇਸ਼ਨ ਨੂੰ ਪੇਸ਼ ਕਰਨ ਲਈ ਵਰਤਿਆ ਜਾਂਦਾ ਹੈ?

ਉੱਤਰ : ਸਲਾਈਡ ਸ਼ੋਅ ਵਿਊ।

5) ਪਾਵਰਪੁਆਇੰਟ ਵਿੱਚ ਕਿਹੜੀ ਬਾਰ ਵਿੱਚ ਵਿਊਬਟਨਜ ਅਤੇ ਜ਼ੂਮ ਸਲਾਈਡਰ ਮੌਜੂਦ ਹੁੰਦੇ ਹਨ?

ਉੱਤਰ : ਸਟੇਟਸ ਬਾਰ।

## ਛੋਟੇ ਉੱਤਰਾਂ ਵਾਲੇ ਪ੍ਰਸ਼ਨ

1) ਪਾਵਰਪੁਆਇੰਟ ਵਿੱਚ ਜ;ਕ ਟੈਬ ਦੀ ਮੱਦਦ ਨਾਲਂ ਨਵੀਂ ਪ੍ਰੈਜੈਂਟੇਸ਼ਨ ਬਣਾਉਣ ਦੇ ਸਟੈੱਪ ਲਿਖੋ।

ਉੱਤਰ : 1) File ਟੈਬ ਤੇ ਕਲਿੱਕ ਕਰੋ।

2) New ਆਪਸ਼ਨ ਤੇ ਕਲਿੱਕ ਕਰੋ।

3) Blank Presentation ਤੇ ਕਲਿੱਕ ਕਰੋ।

4) Create ਬਟਨ ਤੇ ਕਲਿੱਕ ਕਰੋ।

2) ਪਲੇਸਹੋਲਡਰਜ਼ ਕੀ ਹੁੰਦੇ ਹਨ?

ਉੱਤਰ :ਪਲੇਸਹੋਲਡਰਜ ਸਲਾਈਡ ਲੇਆਊਟ ਉੱਪਰ ਡਾਟਡ ਲਾਈਨਾ ਵਾਲੇ ਕੰਟੇਨਰ ਹੁੰਦੇ ਹਨ ਜਿਹਨਾਂ ਵਿੱਚ ਕਈ ਤਰਾਂ ਦੇ ਕੰਟੈਂਟ ਰੱਖੇ ਜਾ ਸਕਦੇ ਹਨ।

3) ਥੀਮਜ਼ ਕੀ ਹੁੰਦੇ ਹਨ?

ਉੱਤਰ : ਥੀਮ ਵਿੱਚ ਪਹਿਲਾਂ ਤੋਂ ਹੀ ਪਰਿਭਾਸ਼ਤ ਬੈਕਗਰਾਊਂਡ ਡਿਜਾਈਨ, ਟੈਕਸਟ ਸਟਾਈਲ ਅਤੇ ਕਲਰ ਆਦਿ ਹੁੰਦੇ ਹਨ। ਜਿੰਨਾਂ ਨੂੰ ਇੱਕ ਤੋਂ ਵੱਧ ਸਲਾਈਡਾਂ ਤੇ ਵਰਤਿਆ ਜਾ ਸਕਦਾ ਹੈ।

4) ਪਾਵਰ ਪੁਆਇੰਟ ਦੀ ਵਿੰਡੋ ਦੇ ਸਟੇਟਸ ਬਾਰ ਵਿੱਚ ਮੌਜੂਦ ਵਿਊਬਟਨਜ ਦੇ ਨਾਮ ਲਿਖੋ।

ਉੱਤਰ : 1) ਨਾਰਮਲ ਵਿਊ 2) ਸਲਾਈਡ ਸੌਰਟਰ ਵਿਊ

3) ਰੀਡਿੰਗ ਵਿਊ 4) ਸਲਾਈਡ ਸ਼ੋਅ ਵਿਊ

5) ਜ਼ੂਮ ਸਲਾਈਡਰ

5) ਗ੍ਰੇਡੀਐਂਟ ਫਿੱਲ ਕੀ ਹੈ?

ਉੱਤਰ : ਗਰੇਡੀਐਂਟ ਇੱਕ ਤੋਂ ਵਧੇਰੇ ਰੰਗਾਂ ਦੀ ਮਿਸ਼ਰਣ ਹੁੰਦਾ ਹੈ, ਜ਼ੋ ਇੱਕ ਦੂਜੇ ਵਿੱਚ ਮਰਜ ਹੋ ਜਾਂਦੇ ਹਨ।

6) ਫਾਰਮੈਟ ਬੈਕਗਰਾਊਂਡ ਡਾਇਲਾਗ ਬਾਕਸ Fill ਪੇਨ ਵਿੱਚ ਕਿਹੜੀਆਂ ਆਪਸ਼ਨਜ਼ ਮੌਜੂਦ ਹੁੰਦੀਆਂ ਹਨ?

ਉੱਤਰ : 1) Solid Fill 2) Gradiant Fill

3) Picture Or Texture Fill 4) Pattren Fill

## ਵੱਡੇ ਉੱਤਰਾਂ ਵਾਲੇ ਪ੍ਰਸ਼ਨ

1) ਸਲਾਈਡ ਦੀ ਦਿੱਖ ਨੂੰ ਬਦਲਣ ਦੇ ਵੱਖ-ਵੱਖ ਤਰੀਕਿਆਂ ਦੇ ਵਿਸਥਾਰ ਵਿੱਚ ਵਰਨਣ ਕਰੋ।

ਉੱਤਰ : ਥੀਮਜ਼ ਨਾਲ : ਪਾਵਰ ਪੁਆਇੰਟ ਵਿੱਚ ਕਈ ਤਰਾਂ ਦੇ ਥੀਮ ਆਉਂਦੇ ਹਨ ਜਿਸ ਦੀ ਵਰਤੋਂ ਨਾਲ ਪ੍ਰੈਜੈਂਟੇਸ਼ਨ ਨੂੰ ਵਧੀਆ ਦਿੱਖ ਦਿੱਤੀ ਜਾ ਸਕਦੀ ਹੈ। ਥੀਮ ਵਿੱਚ ਪਹਿਲਾਂ ਤੋਂ ਹੀ ਪਰਿਭਾਸ਼ਤ ਬੈਕਗਰਾਊਂਡ ਡਿਜਾਈਨ, ਟੈਕਸਟ ਸਟਾਈਲ ਅਤੇ ਕਲਰ ਆਦਿ ਹੁੰਦੇ ਹਨ। ਜਿੰਨਾਂ ਨੂੰ ਇੱਕ ਤੋਂ ਵੱਧ ਸਲਾਈਡਾਂ ਤੇ ਵਰਤਿਆ ਜਾ ਸਕਦਾ ਹੈ। ਥੀਮ ਟੈਂਪਲੈਟ ਵਰਤਣ ਦੇ ਸਟੈਪ

1) ਉਹ ਲਾਈਡ ਸਿਲੈਕਟ ਕਰੋ ਜਿਸ ਤੇ ਨਵਾਂ ਡਿਜਾਈਨ ਲਾਗੂਕਰਨਾ ਹੈ

2) ਡਿਜਾਈਨ ਟੈਬ ਤੇ ਕਲਿੱਕ ਕਰੋ।

3) ਥੀਮ ਗਰੁੱਪ ਵਿਚੋਂ ਆਪਣੀ ਪਸੰਦ ਦਾ ਥੀਮ ਚੁਣੋ।

4) ਨਵਾਂ ਥੀਮ ਲਾਗੂਹੋ ਜਾਵੇਗਾ

ਬੈਕਗਰਾਊਂਡ ਸਟਾਈਲ ਬਦਲਣਾ : ਅਸੀਂ ਆਪਣੀ ਸਲਾਈਡ ਦਾ ਬੈਕਗਰਾਊਂਡ ਕਲਰ ਵੀ ਬਦਲ ਸਕਦੇ ਹਾਂ ਜਿਸ ਨੂੰ ਬਦਲਣ ਦੇ ਸਟੈਪ ਹਨ

1) ਡਿਜਾਈਨ ਟੈਬ ਤੇ ਕਲਿੱਕ ਕਰੋ।

2) ਬੈਕਗਰਾਊਂਡ ਗਰੁੱਪ ਵਿੱਚੋਂ ਬੈਕਗਰਾਊਂਡ ਸਟਾਈਲ ਤੇ ਕਲਿੱਕ ਕਰੋ।

3) ਇੱਕ ਡਰਾਪ ਡਾਊਨ ਮੀਨੂੰ ਖੁੱਲੇਗਾ।

4) ਅਪਾਣੀ ਪਸੰਦ ਦਾ ਬੈਕਗਰਾਊਂਡ ਸਟਾਈਲ ਚੁਣੋ।

ਫਾਰਮੈਟ ਬੈਕਗਰਾਊਂਡ : ਬੈਕਗਰਾਊਂਡ ਸਟਾਈਲ ਤੋਂ ਇਲਾਵਾ ਬੈਕਗਰਾਊਡ ਵਿੱਚ ਇੱਕ ਠੋਸ ਰੰਗ, ਗਰੈਡੀਐਂਟ, ਪਿਕਚਰ ਅਤੇ ਟੈਕਸਚਰ ਫਿੱਲ, ਜਾਂ ਇੱਥੋਂ ਤੱਕ ਕੇ ਪੈਟਰਨ ਵੀ ਬਦਲ ਸਕਦੇ ਹਾਂ ਇਸ ਨੂੰ ਬਦਲਣ ਲਈ ਸਾਨੂੰ ਫਾਰਮੈਟ ਬੈਕਗਰਾਊਂਡ ਡਾਇਲਾਗ ਬ੍ਰਾਕਸ ਦੀ ਵਰਤੋਂ ਕਰਨੀ ਪਵੇਗੀ

1) ਡਿਜਾਈਨ ਟੈਬ ਤੇ ਕਲਿੱਕ ਕਰੋ।

2) ਬੈਕਗਰਾਊਂਡ ਗਰੁੱਪ ਵਿੱਚੋਂ ਬੈਕਗਰਾਊਂਡ ਸਟਾਈਲ ਤੇ ਕਲਿੱਕ ਕਰੋ।

3) ਫਾਰਮਟ ਬੈਕਗਰਾਊਂਡ ਤੇ ਕਲਿੱਕ ਕਰੋ।

4) ਫਾਰਮਟ ਬੈਕਗਰਾਊਂਡ ਡਾਇਲਾਗ ਬਾਕਸ ਖੁੱਲੇਗਾ ਉਸ ਵਿੱਚੋਂ ਲੋੜੀਂਦਾ ਸਟਾਈਲ ਚੁਣੋ।

2) ਸਲਾਈਡ ਲੇਆਊਟ ਕੀ ਹੈ? ਤੁਸੀਂ ਪਾਵਰਪੁਆਇੰਟ ਵਿੱਚ ਸਲਾਈਡ ਦੀ ਲੇ-ਆਊਟ ਨੂੰ ਕਿਵੇਂ ਬਦਲੋਗੇ?

ਉੱਤਰ : ਸਲਾਈਡ ਦੀ ਲੇਆਊਟ ਸਲਾਈਡ ਵਿਚਲੇ ਵੱਖ-ਵਖ ਤੱਤਾਂ ਦੇ ਡਿਜਾਈਨ ਨੂੰ ਪ੍ਰਭਾਵਿਤ ਕਰਦਾ ਹੈ। ਜਿਵੇਂ ਜੇਕਰ ਅਸੀਂ ਸਲਾਈਡ ਉੱਪਰ ਚਾਰਟ ਬਣਾਉਣਾ ਹੈ ਤਾਂ ਸਾਨੂੰ ਉਸ ਲੇਆਊਟ ਦੀ ਚੋਣ ਕਰਨੀ ਪਵੇਗੀ ਜ਼ੋ ਚਾਰਟ ਲਈ ਢੁੱਕਵੀਂ ਹੋਵੇਗੀ। ਅਸੀਂ ਪ੍ਰੈਜੈਂਟੇਸ਼ਨ ਵਿੱਚ ਨਵੀਂ ਸਲਾਈਡ ਦਾਖਲ ਕਰਨ ਸਮੇ ਵੀ ਲੇਆਊਟ ਦੀ ਚੋਣ ਕਰ ਸਕਦੇ ਹਾਂ ਅਤੇ ਸਲਾਈਡ ਦਾਖਲ ਕਰਨ ਤੋਂ ਬਾਅਦ ਵੀ ਉਸ ਦੀ ਲੇਆਊਟ ਬਦਲ ਸਕਦੇਹਾਂ। ਇਸ ਦੇ ਸਟੈਪ ਹਨ :-

1) ਉਸ ਸਲਾਈਡ ਨੂੰ ਸਿਲੈਕਟ ਕਰੋ ਜਿਸ ਦੀ ਲੇਆਊਟ ਬਦਲਣੀ ਹੈ।

2) ਹੋਮ ਟੈਬ ਦੇ ਸਲਾਈਡ ਗਰੁੱਪ ਵਿੱਚੋਂ ਲੇਆਊਅ ਡਰਾਪ ਡਾਊਨ ਬਾਕਸ ਤੇ ਕਲਿੱਕ ਕਰੋ।

3) ਆਪਣੀ ਪਸੰਦ ਅਨੁਸਾਰ ਲੇਆਊਟ ਸਿਲੈਕਟ ਕਰੋ।

3) PowerPoint ਦੀਆਂ ਸਲਾਈਡ ਵਿਊਆਪਸ਼ਨਜ਼ ਦਾ ਵਰਨਣ ਕਰੋ।

ਉੱਤਰ : 1) ਨਾਰਮਲ ਵਿਊ : ਇਹ ਡਿਫਾਲਟ ਅਤੇ ਮੁੱਖ ਵਿਊਹੈ ਇਸ ਵਿੱਚ ਅਸੀਂ ਸਲਾਈਡ ਨੂੰ ਬਣਾ ਅਤੇ ਐਡਿਟ ਕਰ ਸਕਦੇ ਹਾਂ ਇਸ ਦੀ ਵਰਤੋਂ ਸਲਾਈਡ ਨੂੰ ਚੁਣਨ ਲਈ ਕੀਤੀ ਜਾਂਦੀ ਹੈ।

2) ਸਲਾਈਡ ਸੌਰਟਰ ਵਿਊ : ਇਸ ਵਿੱਚ ਸਾਰੀਆਂ ਸਲਾਈਡਾਂ ਥੰਬਨੇਲ ਦੇ ਰੂਪ ਵਿੱਚ ਨਜਰ ਆਉਂਦੀਆਂ ਹਨਇਸ ਰਾਹਂ ਅਸੀਂ ਸਲਾਈਡਾਂ ਨੂੰ ਮੁੜ ਤਰਤੀਬ ਵਿੱਚ ਲਗਾ ਸਕਦੇ ਹਾਂ ਪਰ ਉਹਨਾਂ ਵਿੱਚ ਅਡੀਟਿੰਗ ਨਹੀ ਕਰ ਸਕਦੇ।

3) ਰੀਡਿੰਗ ਵਿਊ : ਇਸ ਵਿੱਚ ਸਲਾਈਡ ਪੂਰੀ ਵਿੰਡੋ ਵਿੱਚ ਦਿਖਾਈ ਦਿੰਦੀ ਹੈ ਅਤੇ ਇਸ ਵਿਊਦੀ ਵਰਤੋਂ ਸਲਾਈਡਾਂ ਦੀ ਪਰੂਫ ਰੀਡਿੰਗ ਲਈ ਕੀਤੀ ਜਾਂਦੀ ਹੈ। ਅਤੇ ਇਹ ਵੱਡੀ ਸਕਰੀਨ ਦੀ ਬਜਾਏ ਕਿਸੇ ਇੱਕ ਨੂੰ ਦਿਖਾਉਣ ਲਈ ਵਰਤੀ ਜਾਂਦੀ ਹੈ।

4) ਸਲਾਈਡ ਸ਼ੋਅ ਵਿਊ : ਅਸੀਂ ਆਪਣੀ ਪੈਜ਼ੈਂਟੇਸ਼ਨ ਨੂੰ ਦਰਸ਼ਕਾਂ ਅੱਗੇ ਪੇਸ਼ ਕਰਨ ਲਈ ਇਸ ਵਿਊਦੀ ਵਰਤੋਂ ਕਰਦੇ ਹਾਂ।

5) ਜ਼ੂਮ ਸਲਾਈਡਰ : ਇਹ ਸਟੇਟਸ ਬਾਰ ਦੇ ਸੱਜੇ ਪਾਸੇ ਹੁੰਦਾ ਹੈ। ਜੋ ਕਿ ਸਲਾਈਡ ਦੇ ਕੰਟੈਂਟਸ ਨੂੰ ਵੱਡਾ ਜਾਂ ਛੋਟਾ ਕਰ ਕੇ ਦੇਖਣ ਦੇ ਕੰਮ ਕਮ ਆਉਂਦਾ ਹੈ। ਇਹ ਇੱਕ ਸਲਾਈਡਰ ਹੁੰਦਾ ਹੈ ਜਿਸ ਨੂੰ ਖੱਬੇ ਜਾਂ ਸੱਜੇ ਸਲਾਈਡ ਕਰ ਕੇ ਸਲੀਡ ਨੂੰ ਜੂਮ ਇਨ ਜਾਂ ਜ਼ੂਮ ਆਊਟ ਕਰ ਸਕਦੇ ਹਾਂ।